ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫ਼ਰੀਦਕੋਟ

**ਕੋਵਿਡ -19 ਸਬੰਧੀ ਫੈਲ ਰਹੀਆਂ ਅਫ਼ਵਾਹਾਂ ਤੋਂ ਲੋਕ ਰਹਿਣ ਸੁਚੇਤ- ਕੁਮਾਰ ਸੌਰਭ ਰਾਜ**

**ਗਲਤ ਅਫ਼ਵਾਹਾਂ ਵਾਲਾ ਸੰਦੇਸ਼ covidfaridkot@gmail.Com ਮੇਲ ਤੇ ਭੇਜਿਆ ਜਾਵੇ**

ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ **ਲਿਖਤੀ ਸੰਦੇਸ਼ ਜਾਂ ਵੀਡੀਓ ਰਾਹੀਂ ਲੋਕਾਂ ਨੂੰ** ਸਰਕਾਰੀ ਵੈੱਬਸਾਈਟ faridkot.nic.in ਤੇ ਮਿਲੇਗਾ ਜਵਾਬ

**ਮੈਡੀਕਲ ਸਟੋਰਾਂ ਅਤੇ ਕਰਿਆਨੇ ਦੀਆਂ ਦੁਕਾਨਾਂ ਦੀ ਲਿਸਟ ਅਤੇ ਹੋਰ ਜਾਣਕਾਰੀ ਵੀ ਜ਼ਿਲ੍ਹਾ ਵੈਬਸਾਈਟ ਤੇ ਉਪਲੱਬਧ**

ਫ਼ਰੀਦਕੋਟ, 9 ਅਪ੍ਰੈਲ ( ) ਕੋਵਿਡ-19 ਨਾਮਕ ਫੈਲੀ ਮਹਾਮਾਰੀ ਦੇ ਸਬੰਧ ਵਿਚ ਕਈ ਲੋਕਾਂ ਵੱਲੋਂ ਗਲਤ ਅਫ਼ਵਾਹਾਂ ਫੈਲਾਈਆ ਜਾ ਰਹੀਆਂ ਹਨ, ਇਹਨਾਂ ਅਫ਼ਵਾਹਾਂ ਤੇ ਰੋਕ ਲਗਾਉਣ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸਹੀ ਤੇ ਸਟੀਕ ਜਾਣਕਾਰੀ ਦੇਣ ਲਈ ਸਰਕਾਰੀ ਵੈੱਬਸਾਈਟ faridkot.nic.in ਚਲਾਈ ਜਾ ਰਹੀ ਹੈ। ਇਹ ਜਾਣਕਾਰੀ ਜ਼ਿਲ੍ਹਾ ਮੈਜਿਸਟ੍ਰੇਟ ਫ਼ਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ, ਆਈ.ਏ.ਐਸ ਨੇ ਦਿੱਤੀ। ਇਸ ਮੇਲ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਲਿਖਤੀ ਜਾਂ ਵੀਡੀਓ ਰਾਹੀਂ ਸਹੀ ਜਾਣਕਾਰੀ ਦਿੱਤੀ ਜਾਵੇਗੀ।

ਉਹਨਾਂ ਦੱਸਿਆ ਕਿ ਫ਼ਰੀਦਕੋਟ ਦਾ ਕੋਈ ਵੀ ਵਾਸੀ covidfaridkot@gmail.Com ਤੇ ਜਾ ਕੇ ਇਹ ਦੱਸ ਸਕਦਾ ਹੈ ਕਿ ਇਸ ਸਮੇਂ ਸ਼ਹਿਰ ਵਿਚ ਕਰੋਨਾ ਦੀ ਮਹਾਮਾਰੀ ਸਬੰਧੀ ਇਹ ਗਲਤ ਅਫ਼ਵਾਹ ਚੱਲ ਰਹੀ ਹੈ। ਜਿਸ ਦੀ ਸੱਚਾਈ ਅਤੇ ਉੱਤਰ ਉਹਨਾਂ ਨੂੰ ਲਿਖਤੀ ਜਾਂ ਵੀਡੀਓ ਰਾਹੀਂ faridkot.nic.in ਤੇ ਮਿਲ ਸਕੇਗਾ ਤਾਂਕਿ ਲੋਕਾਂ ਵਿਚ ਕਿਸੇ ਕਿਸਮ ਦੀ ਗਲਤਫਹਿਮੀ ਨਾ ਪੈਦਾ ਹੋਵੇ। ਇਸ ਤੋਂ ਇਲਾਵਾ ਜਰੂਰੀ ਵਸਤਾਂ ਦੀ ਸਪਲਾਈ ਲਈ ਮੈਡੀਕਲ ਸਟੋਰਾਂ ਅਤੇ ਕਰਿਆਨੇ ਦੀਆਂ ਦੁਕਾਨਾਂ ਦੀ ਲਿਸਟ faridkot.nic.in ਦੀ ਜ਼ਿਲ੍ਹਾ ਵੈਬਸਾਈਟ ਤੇ ਉਪਲੱਬਧ ਹੈ। ਜਿਸ ਰਾਹੀਂ ਉਪਭੋਗਤਾ ਆਪਣੀ ਜਰੂਰਤ ਦਾ ਸਮਾਨ ਇਹਨਾਂ ਦੁਕਾਨਾਂ ਦੇ ਦਿੱਤੇ ਮੋਬਾਇਲ ਫੋਨ ਤੇ ਸੰਪਰਕ ਕਰਕੇ ਘਰ ਮੰਗਵਾ ਸਕਦਾ ਹੈ। ਉਹਨਾਂ ਹੋਰ ਦੱਸਿਆ ਕਿ ਅਗਰ ਐਮਰਜੈਂਸੀ ਹਾਲਤਾਂ ਵਿਚ ਇਕਦਮ ਸਮਾਨ ਦੀ ਜਰੂਰਤ ਹੈ ਤਾਂ ਖੇਤਰੀ ਸੈਕਟਰ ਮੈਜਿਸਟ੍ਰੇਟ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਿਹਨਾਂ ਦੀ ਲਿਸਟ ਵੀ ਵੈਬਸਾਈਟ ਤੇ ਹੈ। ਜ਼ਿਲ੍ਹਾ ਕੇਂਦਰਾਂ ਦੇ ਨਾਲ ਨਾਲ ਸਬ ਡਵੀਜਨ ਪੱਧਰ ਤੇ ਵੀ ਇਹ ਕੇਂਦਰ ਸਥਾਪਿਤ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਗਰੋਸਰੀ, ਬੈਕਿੰਗ ਸੇਵਾ,ਬਿਜਲੀ ਮਕੈਨਿਕ,ਪਲੰਬਰ ਆਦਿ ਦੀਆਂ ਸੇਵਾਵਾਂ ਨੂੰ ਯਕੀਨੀ ਬਨਾਉਣ ਲਈ http://www.distadminfdk.co.in/indexdemand.aspx. ਪੋਰਟਲ ਵੀ ਜਾਰੀ ਕੀਤਾ ਗਿਆ ਹੈ। ਜਿਸ ਵਿਚ ਤੁਸੀ ਆਪਣੀ ਜਰੂਰਤ ਮੁਤਾਬਕ ਪੋਸਟ ਪਾ ਸਕਦੇ ਹੋ ਅਤੇ ਇਸ ਦੀ ਸੁਣਵਾਈ ਉਸੇ ਦਿਨ ਹੀ ਹੋਵੇਗੀ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਘਰਾਂ ਅੰਦਰ ਰਹਿਣ ਅਤੇ ਸਮਾਜਿਕ ਦੂਰੀਆਂ ਬਣਾ ਕੇ ਰੱਖਣ ਅਤੇ ਸਮੇਂ ਸਮੇਂ ਤੇ ਆਪਣੇ ਹੱਥ ਸਾਫ਼ ਕਰਦੇ ਰਹਿਣ ਜਿਸ ਨਾਲ ਖੁਦ ਅਤੇ ਆਪਣੇ ਸਮਾਜ ਨੂੰ ਕੋਵਿਡ-19 ਬਿਮਾਰੀ ਤੋਂ ਦੂਰ ਰੱਖਿਆ ਜਾ ਸਕੇ। ਇਸ ਮੌਕੇ ਡੀ.ਆਈ.ਓ ਸ੍ਰੀ ਅਨਿਲ ਕਟਿਆਰ ਵੀ ਹਾਜ਼ਰ ਸਨ।

------

ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

## ਕਰੋਨਾ ਖਿਲਾਫ ਜੰਗ ਵਿਚ ਹੋਮ ਗਾਰਡਜ ਅਤੇ ਸਿਵਲ ਡਿਫੈਂਸ ਵਲੰਟਰੀਅਰਜ ਹਰ ਤਰ੍ਹਾਂ ਦੀ ਡਿਊਟੀ ਕਰਨ ਲਈ ਤਿਆਰ- ਕਮਾਂਡੈਂਟ ਬਲਵਿੰਦਰ ਸਿੰਘ

ਫਰੀਦਕੋਟ 9 ਅਪ੍ਰੈਲ,2020 ( ) ਡੀ ਜੀ ਪੀ ਹੋਮ ਗਾਰਡਜ ਸ੍ਰੀ ਬੀ ਕੇ ਭਾਵਰਾ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਜੀ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਹੇਠ ਹੋਮ ਗਾਰਡ ਅਤੇ ਸਿਵਲ ਡਿਫੈਂਸ ਦੇ ਵਲੰਟਰੀਅਰਜ ਵੱਲੋਂ ਕਰੋਨਾ ਵਾਇਰਸ ਵਰਗੀ ਮਹਾਂਮਾਰੀ ਦੇ ਦੌਰ ਵਿਚ ਬੜੀ ਹੀ ਤਨਦੇਹੀ ਨਾਲ ਡਿਊਟੀ ਨਿਭਾਈ ਜਾ ਰਹੀ ਹੈ।

ਜ਼ਿਲ੍ਹਾ ਕਮਾਂਡਰ ਫਰੀਦਕੋਟ ਸ੍ਰੀ ਬਲਵਿੰਦਰ ਸਿੰਘ ਵੱਲੋਂ ਚੀਫ ਵਾਰਡਨ ਹੁਕਮ ਚੰਦ ਅਤੇ ਡਿਪਟੀ ਚੀਫ ਵਾਰਡਨ ਸ੍ਰੀ ਦਵਿੰਦਰ ਨੀਟੂ ਨਾਲ ਮਿਲ ਕੇ ਕੋਟਕਪੂਰਾ ਸ਼ਹਿਰ ਵਿਚ ਸਿਵਲ ਡਿਫੈਂਸ ਦੇ ਵਾਰਡਨਜ਼ ਵੱਲੋਂ ਕੀਤੀ ਜਾ ਰਹੀ ਡਿਊਟੀ ਦਾ ਜਾਇਜਾ ਲਿਆ ਗਿਆ ਅਤੇ ਇਸ ਮਹਾਂਮਾਰੀ ਨੂੰ ਰੋਕਣ ਲਈ ਜ਼ਿਲ੍ਹਾ ਫਰੀਦਕੋਟ ਦੇ ਸਿਵਲ ਡਿਫੈਂਸ ਟਾਊਨ ਕੋਟਕਪੂਰਾ ਵਿਖੇ ਲਗਭਗ 36 ਸਿਵਲ ਡਿਫੈਂਸ ਦੇ ਵਾਰਡਨ ਵੱਖ ਵੱਖ ਤਰ੍ਹਾਂ ਦੀਆਂ ਡਿਊਟੀਆਂ ਨਿਭਾ ਰਹੇ ਹਨ। ਜਿਵੇ ਕਿ ਆਮ ਪਬਲਿਕ ਪਲੇਸ ਨੂੰ ਸੈਨੇਟਾਈਜ਼ ਕਰਨਾ, ਲੋਕਾਂ ਨੂੰ ਕੋਰੋਨਾ ਬਿਮਾਰੀ ਤੋਂ ਜਾਗਰੂਕ ਕਰਨਾ, ਮਾਸਕ ਅਤੇ ਦਸਤਾਨੇ ਵੰਡਣੇ ਅਤੇ ਏ ਟੀ ਐਮ ਮਸ਼ੀਨਾਂ ਤੇ ਸ਼ੋਸ਼ਲ ਦੂਰੀ ਬਣਾਈ ਰੱਖਣ ਲਈ ਲੋਕਾਂ ਨੂੰ ਇੱਕਠ ਨਾ ਕਰਨ ਲਈ ਪ੍ਰੇਰਿਤ ਕਰਨਾ।

ਸ੍ਰੀ ਬਲਵਿੰਦਰ ਸਿੰਘ ਜ਼ਿਲ੍ਹਾ ਕਮਾਂਡਰ ਫਰੀਦਕੋਟ ਨੇ ਦੱਸਿਆ ਕਿ ਇਸ ਮੁਸ਼ਕਲ ਦੀ ਘੜੀ ਵਿਚ ਮਹਿਕਮਾ ਹੋਮ ਗਾਰਡਜ਼ ਅਤੇ ਸਿਵਲ ਡਿਫੈਂਸ ਦੇ ਵਲੰਟਰੀਅਜ਼ ਦਾ ਮਨੋਬਲ ਬਹੁਤ ਉੱਚਾ ਹੈ ਅਤੇ ਉਹ ਹਰ ਤਰ੍ਹਾਂ ਦੀ ਡਿਊਟੀ ਲਈ ਤਿਆਰ ਹਨ। ਇਸ ਮੌਕੇ ਸ੍ਰੀ ਗੁਰਪ੍ਰੀਤ ਸਿੰਘ ਸੀ ਡੀ ਆਈ ਵੀ ਹਾਜ਼ਰ ਸਨ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ ਫਰੀਦਕੋਟ

ਕੋਵਿਡ-19 ਤਹਿਤ ਸਿਹਤ ਵਿਭਾਗ ਨੇ 5 ਹੋਰ ਵਿਅਕਤੀਆਂ ਦੇ ਭੇਜੇ ਸੈਂਪਲ

ਸਿਹਤ ਵਿਭਾਗ ਨੇ 147 ਵਿਅਕਤੀਆਂ ਇਕਾਂਤਵਾਸ ਵਿੱਚ ਰਹਿਣ ਦੀ ਕੀਤੀ ਅਪੀਲ

ਕੰਟਰੋਲ ਰੂਮ ਨੰਬਰ 01639-250947 ਅਤੇ ਐਮਰਜੈਂਸੀ ਵਿੱਚ 108 ਤੇ ਕਰੋ ਕਾਲ

ਫਰੀਦਕੋਟ 9 ਅਪ੍ਰੈਲ ( ) ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਵੀਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ ਅਤੇ ਡਾ.ਰਾਜਿੰਦਰ ਕੁਮਾਰ ਸਿਵਲ ਸਰਜਨ ਫਰੀਦਕੋਟ ਦੀ ਯੋਗ ਅਗਵਾਈ ਹੇਠ ਨੋਵਲ ਕੋਰੋਨਾ ਵਾਇਰਸ ਨਾਲ ਨੱਜਿਠਣ ਲਈ ਵੱਖ-ਵੱਖ ਅਧਿਕਾਰੀ ਅਤੇ ਕਰਮਚਾਰੀ ਤਨਦੇਹੀ ਨਾਲ ਆਪਣੀਆਂ ਡਿਊਟੀਆਂ ਨਿਭਾ ਰਹੇ ਹਨ ਅਤੇ ਸਿਹਤ ਵਿਭਾਗ ਵੱਲੋਂ ਸਟਾਫ ਨੂੰ ਵਿਸ਼ੇਸ਼ ਟਰੇਨਿੰਗ ਵੀ ਦਿੱਤੀ ਗਈ ਹੈ। ਵਿਭਾਗ ਦੀਆਂ ਗਠਿਤ ਮਲਟੀਪਰਪਜ਼ ਹੈਲਥ ਵਰਕਰਜ਼ ਅਤੇ ਏ.ਐਨ.ਐਮ ਦੀਆਂ ਟੀਮਾਂ ਵੱਖ-ਵੱਖ ਇਲਾਕਿਆਂ ਖਾਸ ਕਰਕੇ ਫਰੀਦਕੋਟ ਦੇ ਕੋਰੋਨਾ ਵਾਇਰਸ ਦੇ ਪੋਜੇਟਿਵ ਆਏ ਦੂਸਰੇ ਕੇਸ ਦੇ ਰਿਹਾਇਸ਼ੀ ਇਲਾਕੇ ਮਿਸਤਰੀਆਂ ਵਾਲੀ ਗਲੀ ਦਾ ਸਰਵੇ ਕੀਤਾ ਅਤੇ ਇਸ ਇਲਾਕੇ ਨੂੰ ਜਿਲ੍ਹਾ ਪ੍ਰਸਾਸ਼ਨ ਵੱਲੋਂ ਸੀਲ ਕਰ ਦਿੱਤਾ ਗਿਆ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਇਸ ਗਲੀ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਬੜ੍ਹੀ ਹੀ ਮੁਸ਼ੱਕਤ ਨਾਲ ਇਸ ਪੋਜੇਟਿਵ ਕੇਸ ਦੇ ਸੰਪਰਕ ਵਿੱਚ ਆਏ ਵਿਅਕਤੀਆਂ ਦੀ ਸਕਰੀਨਿੰਗ ਕਰ ਉਹਨਾਂ ਦੇ ਲੱਛਣ ਦੇਖ ਇਕਾਂਤਵਾਸ ਵਿੱਚ ਰਹਿਣ ਦੀ ਸਲਾਹ ਦੇ ਰਹੇ ਹਨ ।

ਇਸ ਮੌਕੇ ਜਿਲ੍ਹਾ ਨੋਡਲ ਅਫਸਰ ਕੋਵਿਡ-19 ਡਾ. ਅਨੀਤਾ ਚੋਹਾਨ ਅਤੇ ਡਾ. ਵਿਕਰਮਜੀਤ ਸਿੰਘ ਨੇ ਕਿਹਾ ਕਿ ਫਰੀਦਕੋਟ ਵਿੱਚ ਅਜੇ ਤੱਕ 2 ਕੇਸ ਹੀ ਪੋਜੇਟਿਵ ਆਏ ਹਨ , ਉਹਨਾਂ ਅਪੀਲ ਕੀਤੀ ਕਿ ਲੋਕ ਆਪਣੇ-ਆਪਣੇ ਘਰਾਂ ਵਿੱਚ ਹੀ ਰਹਿਣ ਅਤੇ ਸਰਕਾਰ ਨੂੰ ਸਹਿਯੋਗ ਦੇਣ ਉਹਨਾਂ ਦੱਸਿਆ ਕਿ ਮੈਡੀਕਲ ਸਕਰੀਨਿੰਗ ਦੇ ਅਧਾਰ ਤੇ 5 ਵਿਅਕਤੀਆਂ ਦੇ ਸੈਂਪਲ ਲੈ ਕੇ ਲੈਬ ਵਿੱਚ ਟੈਸਟਿੰਗ ਲਈ ਭੇਜੇ ਗਏ ਹਨ, ਜਿਨ੍ਹਾਂ ਦੀ ਰਿਪੋਰਟ ਜਲਦ ਹੀ ਸਿਹਤ ਵਿਭਾਗ ਨੂੰ ਪ੍ਰਾਪਤ ਹੋ ਜਾਵੇਗੀ ।ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਵੱਲੋਂ ਫਰੀਦਕੋਟ ਜ਼ਿਲ੍ਹੇ ਦੇ 147 ਸੈਂਪਲ ਭੇਜੇ ਜਾ ਚੁੱਕੇ ਹਨ ਜਿੰਨਾਂ ਵਿਚੋਂ 52 ਕੇਸਾਂ ਦੀ ਰਿਪੋਰਟ ਆਉਣੀ ਬਾਕੀ ਹੈ ।ਸਿਹਤ ਵਿਭਾਗ ਵੱਲੋਂ ਸਾਰਿਆਂ ਨੂੰ ਅਪੀਲ ਹੈ ਕਿ ਕੋਵਿਡ-19 ਸਬੰਧੀ ਸਿਹਤ ਸੇਵਾਵਾਂ ਸਹੂਲਤਾਂ ਅਤੇ ਹੋਰ ਜਾਣਕਾਰੀ ਸਾਂਝੀ ਕਰਨ ਲਈ ਸਿਹਤ ਵਿਭਾਗ ਦੇ ਕੰਟਰੋਲ ਰੂਮ ਨੰਬਰ 01639-250947 ਅਤੇ ਕਿਸੇ ਵੀ ਐਮਰਜੈਂਸੀ ਲਈ 108 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ ਫਰੀਦਕੋਟ

--ਕਰਫਿਊ ਦੌਰਾਨ ਆਮ ਲੋਕ ਘਰ ਬੈਠੇ ਮਾਹਰ ਡਾਕਟਰਾਂ ਤੋਂ ਮੁਫ਼ਤ ਸਿਹਤ ਸਲਾਹ ਲੈ ਸਕਦੇ ਹਨ-ਡਾ. ਬਰਾੜ

--ਟੈਲੀਫੋਨ ਰਾਹੀ ਸਿਹਤ ਸਬੰਧੀ ਆ ਰਹੀ ਮੁਸ਼ਕਿਲ ਦੱਸ ਕੇ ਫਰੀਦਕੋਟ ਵਾਸੀ ਲਿਖਵਾ ਸਕਦੇ ਹਨ ਦਵਾਈਆਂ

ਫਰੀਦਕੋਟ 9 ਅਪ੍ਰੈਲ ( )

ਜ਼ਿਲਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਵੱਲੋਂ ਜਿਲਾ ਫਰੀਦਕੋਟ ਚ ਕਰੋਨਾ ਵਾਈਰਸ ਦੇ ਪ੍ਰਭਾਵ ਨੂੰ ਘਟਾਉਣ ਲਈ ਲਗਾਏ ਗਏ ਕਰਫਿਊ ਦੌਰਾਨ ਸਮੂਹ ਪ੍ਰਾਈਵੇਟ/ਨਰਸਿੰਗ ਹੋਮਜ਼ ਐਮਰਜੈਂਸੀ ਸਰਵਿਸਜ਼ ਲਈ ਖੋਲਣ ਦੇ ਹੁਕਮ ਕੀਤੇ ਗਏ ਹਨ।ਇਸ ਤੋਂ ਇਲਾਵਾ ਇੰਡੀਅਨ ਮੈਡੀਕਲ ਐਸੋਸ਼ੀਏਸ਼ਨ ਫਰੀਦਕੋਟ ਵੱਲੋਂ ਮਰੀਜ਼ਾਂ ਨੂੰ ਘਰ ਬੈਠੇ ਟੈਲੀਫੋਨ ਤੇ ਆਪਣੀ ਬਿਮਾਰੀ/ਸਮੱਸਿਆ ਦੱਸ ਕੇ ਲੋੜੀਂਦੀ ਦਵਾਈ ਦੀ ਸਿਫਾਰਸ਼ ਕੀਤੀ ਜਾਵੇਗੀ ਅਤੇ ਕੈਮਿਸਟ ਇਹ ਦਵਾਈ ਮਰੀਜ਼ ਨੂੰ ਘਰ ਤੱਕ ਪਹੁੰਚਾਉਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਡਾ. ਐਸ.ਐਸ. ਬਰਾੜ ਅਤੇ ਜਨਰਲ ਸਕੱਤਰ ਡਾ. ਬਿਮਲ ਗਰਗ ਨੇ ਦੱਸਿਆ ਕਿ ਇਨਾਂ ਵੱਖ ਵੱਖ ਮਾਹਰ ਡਾਕਟਰਾਂ ਦੇ ਮੋਬਾਇਲ ਨੰਬਰਾਂ ਦੀ ਲਿਸਟ, ਜੋ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਨਾਲ ਸਬੰਧਤ ਹਨ, ਤੇ ਮਰੀਜ ਆਪਣੀ ਸਮੱਸਿਆ ਦੱਸ ਕੇ ਦਵਾਈਆਂ ਲਿਖਵਾ ਸਕਦੇ ਹਨ। ਇਹ ਦਵਾਈਆਂ ਕੈਮਿਸਟ ਵਾਲੀਆਂ ਦੁਕਾਨਾਂ ਦੀ ਜੋ ਲਿਸਟ ਇਸ ਦਫ਼ਤਰ ਵੱਲੋ ਪਹਿਲਾਂ ਜਾਰੀ ਕੀਤੀ ਜਾ ਚੁੱਕੀ ਹੈ ਪਾਸੋ ਹੋਮ ਡਿਲੀਵਰੀ ਰਾਹੀ ਘਰ ਮੰਗਵਾ ਸਕਦੇ ਹਨ।

ਡਾ. ਬਰਾੜ ਨੇ ਇਨਾਂ ਡਾਕਟਰਾਂ ਦੀ ਵਿਸਥਾਰ ਸਹਿਤ ਜਾਣਕਾਰੀ ਮੁਹੱਈਆ ਕਰਵਾਉਦਿਆਂ ਦੱਸਿਆ ਕਿ ਐਮ.ਡੀ. ਮੈਡੀਸਨ ਡਾ. ਸੁਮਿਤ ਦੇ ਮੋਬਾਇਲ ਨੰਬਰ 98761-70157, ਆਪਣੀ ਸਮੱਸਿਆ ਦੱਸ ਕੇ ਘਰ ਬੈਠੇ ਦਵਾਈਆਂ ਲਿਖਵਾ ਸਕਦੇ ਹਨ।ਉਨ੍ਹਾਂ ਹੋਰ ਦੱਸਿਆ ਕਿ ਜੇਕਰ ਕਿਸੇ ਨੂੰ ਕੋਈ ਆਰਥੋ ਰੋਗ ਨਾਲ ਸਬੰਧਤ ਪ੍ਰੇਸ਼ਾਨੀ ਆਉਦੀ ਹੈ ਅਤੇ ਉਹ ਫੋਨ ਜਰੀਏ ਘਰ ਬੈਠ ਕੇ ਦਵਾਈ ਲਿਖਵਾਉਣੀ ਚਾਹੁੰਦਾ ਹੈ ਤਾਂ ਉਹ ਆਰਥੋ ਦੇ ਮਾਹਰ ਡਾਕਟਰਾਂ ਜਿਵੇ ਕਿ ਡਾ. ਵਿਸ਼ਵਦੀਪ ਗੋਇਲ ਮੋਬਾਇਲ ਨੰਬਰ 98783-41681, ਡਾ. ਗਗਨਦੀਪ ਬਜਾਜ ਮੋਬਾਇਲ ਨੰਬਰ 78887-80662 ਤੇ ਸੰਪਰਕ ਕਰ ਸਕਦਾ ਹੈ।ਇਸੇ ਤਰ੍ਹਾਂ ਫਿਜ਼ੀਸੀਅਨ ਡਾ. ਐਸ.ਐਸ. ਬਰਾੜ 98159-63244, ਡਾ. ਬਿਮਲ ਗਰਗ 98762-12884 ਨਾਲ ਸੰਪਰਕ ਕਰ ਦੱਸੀਆਂ ਗਈਆਂ ਦਵਾਈਆ ਮੰਗਵਾ ਸਕਦੇ ਹਨ।

ਇਸੇ ਤਰਾਂ ਗਾਇਨੀ (ਔਰਤ ਰੋਗਾਂ ਦੇ ਮਾਹਰ) ਡਾ. ਰੁਪਿੰਦਰ ਕੌਰ ਧਾਲੀਵਾਲ 90547-00087, ਡਾ. ਰਸ਼ਮੀ ਸੇਠੀ 98153-75532, ਅਤੇ ਮਾਨਸਿਕ ਰੋਗਾਂ ਦੇ ਮਾਹਰ ਡਾ. ਗੁਰਮੀਤ ਕੌਰ 98760-50866 ਨਾਲ ਔਰਤ ਰੋਗਾਂ ਸਬੰਧੀ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਨੂੰ ਬੱਚਿਆਂ ਦੀ ਸਿਹਤ ਵਿੱਚ ਕੋਈ ਵੀ ਪ੍ਰੇਸ਼ਾਨੀ ਆਉਦੀ ਹੈ ਤਾਂ ਉਹ ਬੱਚਿਆਂ ਦੇ ਮਾਹਰ ਡਾਟਕਰ ਜਿਵੇ ਕਿ ਡਾ. ਸੀਮਾ ਰਾਏ ਮੋਬਾਇਲ ਨੰਬਰ 96555-65893 ਤੇ ਸੰਪਰਕ ਕੀਤਾ ਜਾ ਸਕਦਾ ਹੈ।ਉਨਾਂ ਦੱਸਿਆ ਕਿ ਸਰਜਰੀ ਦੇ ਮਾਹਰ ਡਾਕਟਰਾਂ ਜਿਵੇ ਕਿ ਡਾ. ਬਿਕਰਮਦੀਪ ਸਿੰਘ 98881-38611 ਤੇ ਸੰਪਰਕ ਕਰਕੇ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ।ਅੱਖਾਂ ਦੇ ਮਾਹਰ ਡਾ. ਸੰਜੀਵ ਗੋਇਲ 98550-56424 ਨਾਲ ਸੰਪਰਕ ਕਰਕੇ ਮੈਡੀਕਲ ਸਹਾਇਤਾ ਲਈ ਜਾ ਸਕਦੀ ਹੈ।ਇਸੇ ਤਰ੍ਹਾਂ ਚਮੜੀ ਰੋਗਾਂ ਲਈ ਡਾ. ਗਗਨਦੀਪ ਬਜਾਜ 78887-80662, ਡਾ. ਪ੍ਰਵੀਨ ਗੁਪਤਾ 98143-32202 ਤੇ ਸੰਪਰਕ ਕਰਕੇ ਆਪਣੀ ਸਮੱਸਿਆ ਦੱਸ ਸਕਦੇ ਹਨ ਅਤੇ ਘਰ ਬੈਠੇ ਕੈਮਿਸਟਾਂ ਦੇ ਨੰਬਰਾਂ ਦੇ ਫੋਨ ਕਰਕੇ ਇਨਾਂ ਡਾਕਟਰਾਂ ਵੱਲੋ ਦੱਸੀਆਂ ਗਈਆਂ ਦਵਾਈਆਂ ਮੰਗਵਾ ਸਕਦੇ ਹਨ।